# ਗੁਰੂ ਗਰੰਥ ਸਾਹਿਬ ਅਨੁਸਾਰ ਨਾਮੁ ਜਪਣ ਦੀ ਲੋੜ ਅਤੇ ਲਾਭ (ਨਾਮੁ, ਭਾਗ ੨)

# Need and rewards of Naam according to Guru Granth Sahib (Naam, Part 2)

ਹੋਰਨਾਂ ਧਰਮਾਂ ਅਨੁਸਾਰ ਨਾਮੁ ਜਪਣ ਦਾ ਭਾਵ ਕਿਸੇ ਖਾਸ ਅੱਖਰ ਨੂੰ ਵਾਰ ਵਾਰ ਦੁਹਰਾਣਾਂ ਹੋ ਸਕਦਾ ਹੈ, ਪਰੰਤੂ ਗੁਰੂ ਗਰੰਥ ਸਾਹਿਬ ਅਨੁਸਾਰ ਅਕਾਲ ਪੁਰਖੁ ਦਾ ਨਾਮੁ ਹੁਕਮੁ ਹੈ, ਸਬਦ ਹੈ, ਸਚੁ ਹੈ, ਮਿਠਾ ਹੈ, ਰਸ ਵਾਲਾ ਹੈ, ਅੰਮ੍ਰਿਤ ਹੈ, ਨਿਰਮਲੁ ਜਲ ਹੈ, ਗੁਪਤ ਰੂਪ ਵਿਚ ਵਰਤ ਰਿਹਾ ਹੈ ਤੇ ਗੁਰਮੁਖਾਂ ਦੇ ਹਿਰਦੇ ਵਿਚ ਪ੍ਰਗਟ ਵੀ ਹੋ ਰਿਹਾ ਹੈ।

ਸਿੱਖ ਧਰਮ ਅਨੁਸਾਰ ਜੁਗੋ ਜੁਗ ਅਟੱਲ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਹੀ ਨਾਮੁ ਹੈ। ਨਾਮੁ ਨੂੰ ਸਮਝਣ ਤੇ ਪਾਉਂਣ ਲਈ ਗੁਰਬਾਣੀ ਵਿਚੋਂ ਹੀ ਖੋਜਣਾ ਪਵੇਗਾ।

ਅਕਾਲ ਪੁਰਖੁ ਦਾ ਸਿਸਟਮ ਬਿਨਾਂ ਕਿਸੇ ਰੁਕਾਵਟ ਦੇ ਯੁਗਾ ਯੁਗਾਂਤਰਾਂ ਤੋਂ ਸਫਲ ਤਰੀਕੇ ਨਾਲ ਚਲ ਰਿਹਾ ਹੈ ਤੇ ਚਲਦਾ ਰਹੇਗਾ। ਜੀਵਨ ਦੀ ਸਫਲਤਾ ਲਈ ਜਰੂਰੀ ਹੈ, ਕਿ ਅਕਾਲ ਪੁਰਖੁ ਦੇ ਸਿਸਟਮ ਨੂੰ ਸਮਝਿਆ ਜਾਵੇ ਤੇ ਉਸ ਅਨੁਸਾਰ ਚੱਲਿਆ ਜਾਵੇ।

ਸਰੀਰ ਦਾ ਸਾਥ ਇਸ ਲੋਕ ਤਕ ਹੀ ਸੀਮਿਤ ਹੈ, ਇਸ ਲਈ ਮਨੁੱਖ ਨੂੰ ਅੰਤ ਦੇ ਸਾਥ ਵੱਲ ਵੀ ਧਿਆਨ ਦੇਣਾਂ ਚਾਹੀਦਾ ਹੈ।

ਜੇਕਰ ਮਨੁੱਖ ਦੀ ਬੁੱਧੀ ਪਾਪਾਂ ਨਾਲ ਮਲੀਨ ਹੋ ਜਾਏ, ਤਾਂ ਉਹ ਪਾਪ ਸਿਰਫ ਨਾਮੁ ਵਿਚ ਰੰਗਿਆਂ ਹੀ ਧੋਤੇ ਜਾ ਸਕਦੇ ਹਨ। ਪੁੰਨ ਪਾਪ ਨਿਰੇ ਕਹਿਣ ਵਾਸਤੇ ਨਹੀਂ ਹਨ, ਜਿਹੋ ਜਿਹੇ ਕਰਮ ਕਰਾਂਗੇ, ਉਹੋ ਜਿਹੇ ਸੰਸਕਾਰ ਆਪਣੇ ਅੰਦਰ ਲਿਖ ਕੇ ਨਾਲ ਲੈ ਜਾਵਾਂਗੇ।

ਕੁਦਰਤ ਦੀ ਸਚਾਈ ਨਾਮੁ ਤੋਂ ਬਿਨਾ ਪਤਾ ਨਹੀਂ ਲਗ ਸਕਦੀ, ਹੁਕਮੁ ਨੂੰ ਪਛਾਨਣ ਤੋਂ ਬਿਨਾ, ਜੀਵਨ ਦੇ ਸਹੀ ਮਾਰਗ ਬਾਰੇ ਪਤਾ ਨਹੀਂ ਲਗ ਸਕਦਾ। ਗੁਰਬਾਣੀ ਨੂੰ ਵਿਚਾਰਨ ਤੋਂ ਬਿਨਾ ਅਕਾਲ ਪੁਰਖ ਦੇ ਨਾਮੁ ਤੇ ਹੁਕਮ ਦੀ ਸਚਾਈ ਸਮਝ ਨਹੀਂ ਆ ਸਕਦੀ।

ਗੁਰੂ ਦੀ ਸਤਿਸੰਗਤ ਵਿਚ ਅਕਾਲ ਪੁਰਖੁ ਦੇ ਗੁਣ ਗਾਇਨ ਕਰਨੇ, ਤੇ ਚੰਗੀ ਜੀਵਨ ਜਾਚ ਸਿਖਣੀ, ਹੋਰ ਸਾਰੀਆਂ ਧਾਰਮਿਕ ਰਸਮਾਂ ਨਾਲੋਂ ਉੱਤਮ ਕਿਰਿਆ ਹੈ।

ਵਿਗਿਆਨਕ ਸਾਧਨਾਂ ਨਾਲ ਬਣੀਆਂ ਚੀਜ਼ਾਂ ਨਾਲ ਬਾਹਰੀ ਆਰਾਮ ਤੇ ਸਹੂਲਤਾਂ ਤਾਂ ਮਿਲ ਸਕਦੀਆਂ ਹਨ, ਪਰੰਤੂ ਅੰਦਰੂਨੀ ਸੁਖ ਨਹੀਂ। ਸਿਰਫ ਅਕਾਲ ਪੁਰਖ ਦਾ ਨਾਮੁ ਹੀ ਹੈ, ਜਿਸ ਨੂੰ ਹਿਰਦੇ ਵਿਚ ਵਸਾਣ ਨਾਲ ਆਤਮਿਕ ਸੁਖ ਮਿਲ ਸਕਦਾ ਹੈ।

ਧੁਰ ਕੀ ਸੱਚੀ ਬਾਣੀ ਨਾਲ ਅਸੀਂ ਆਪਣਾ ਆਚਰਨ ਪਵਿਤਰ ਬਣਾ ਸਕਦੇ ਹਾਂ, ਤੇ ਆਪਣੇ ਹਿਰਦੇ ਅੰਦਰ ਅਕਾਲ ਪੁਰਖੁ ਦਾ ਨਾਮੁ ਵਸਾ ਸਕਦੇ ਹਾਂ।

"ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ"

For details please download the articles from the following website:

http://www.geocities.ws/sarbjitsingh/Bani2510GurMagPart02D20150108.pdf
http://www.geocities.ws/sarbjitsingh/
http://www.geocities.ws/sarbjitsingh/GurbaniIndexGurmukhi.htm
http://www.geocities.ws/sarbjitsingh/GurbaniIndexEnglish.htm